16.6.96

# ਕਲਾ ਦੇ ਝਰੋਖੇ 'ਤੋਂ

**ਗੁਰਸ਼ਰਨ ਸਿੰਘ**

ਬੈਂਡਿਟ ਕਵੀਨ ਬਨਾਮ ਫੂਲਨ ਦੇਵੀ ਬਨਾਮ ਸੀਮਾ ਬਿਸਵਾਸ ਬਨਾਮ ਗੁਜਰਾਤ ਦੀ ਇਕ ਗੁੰਮਨਾਮ ਕੁੜੀ : ਬੈਂਡਿਟ ਕਵੀਨ ਦੀ ਗੱਲ ਫੇਰ ਤੁਰੀ ਹੈ। ਇਸ ਵਾਰ ਇਹ ਫੂਲਨ ਦੇਵੀ ਦੀ ਨਹੀਂ, ਸੀਮਾ ਬਿਸਵਾਸ ਦੀ ਹੈ। ਸੀਮਾ ਬਿਸਵਾਸ ਦੀ ਹੀ ਨਹੀਂ ਸਗੋਂ ਗੁਜਰਾਤ ਦੀ ਇਕ ਗੁੰਮਨਾਮ ਕੁੜੀ ਦੀ ਵੀ ਹੈ। ਸੀਮਾ ਬਿਸਵਾਸ ਨੂੰ ਭਾਰਤ ਦੀ ਸਰਵਉਤਮ ਕਲਾਕਾਰਾ ਦਾ ਐਵਾਰਡ ਦਿੱਤਾ ਗਿਆ ਹੈ। ਐਵਾਰਡ ਦੇਣ ਵੇਲੇ ਇਹ ਸ਼ਬਦ ਵਰਤੇ ਗਏ ਹਨ ਕਿ ਸੀਮਾ ਬਿਸਵਾਸ ਨੇ ਜਿਸ ਦਲੇਰੀ ਅਤੇ ਬੇਬਾਕੀ ਨਾਲ ਇਹ ਭੂਮਿਕਾ ਨਿਭਾਈ ਹੈ, ਇਹ ਐਵਾਰਡ ਉਸ ਦੇਣ ਨੂੰ ਹੀ ਮੁੱਖ ਰੱਖ ਕੇ ਦਿੱਤਾ ਗਿਆ ਹੈ।

ਸੀਮਾ ਬਿਸਵਾਸ ਨੈਸ਼ਨਲ ਸਕੂਲ ਆਫ ਡਰਾਮਾ ਦੀ ਭਾਰਤੀ ਥੀਏਟਰ ਅਤੇ ਹੁਣ ਭਾਰਤੀ ਸਿਨਮਾ ਨੂੰ ਦੇਣ ਹੈ। ਇਹ ਐਵਾਰਡ ਜਦੋਂ ਸੀਮਾ ਬਿਸਵਾਸ ਨੂੰ ਮਿਲਿਆ, ਦਿੱਲੀ ਦੇ ਥੀਏਟਰ ਹਲਕਿਆਂ ਨੇ ਇਹਦੀ ਖ਼ੁਸ਼ੀ ਮਨਾਈ ਅਤੇ ਫਖ਼ਰ ਵੀ ਮਹਿਸੂਸ ਕੀਤਾ ਪਰ ਇਕ ਬਹੁਤ ਹੀ ਭਾਵਪੂਰਵਕ ਗੱਲਬਾਤ ਵਿਚ ਸੀਮਾ ਨੇ ਆਪਣੀ ਰੂਹ ਨੂੰ ਨੰਗਾ ਕੀਤਾ। ਇਹ ਗੱਲਬਾਤ ਉਸ ਨੇ ਸ਼ਮਸਉਲ ਅਸਲਾਮ ਨਾਲ ਕੀਤੀ ਤੇ ਇਹ 9 ਜੂਨ ਦੀ 'ਟਾਈਮਜ਼ ਆਫ ਇੰਡੀਆ' ਵਿਚ ਆਈ ਹੈ। ਸ਼ਮਸ ਆਪ ਦਿੱਲੀ ਥੀਏਟਰ ਦਾ ਇਕ ਜਾਣਿਆ ਹੋਇਆ ਨਾਂ ਹੈ ਤੇ ਅਵਾਮੀ ਥੀਏਟਰ ਅਤੇ ਨੁੱਕਰ ਨਾਟਕ ਵਿਚ ਉਹਦੀ ਵਿਸ਼ੇਸ਼ ਦੇਣ ਹੈ। ਇਸ ਗੱਲਬਾਤ ਵਿਚ ਸੀਮਾ ਬਿਸਵਾਸ ਨੇ ਦੱਸਿਆ ਕਿ ਫਿਲਮ ਬੈਂਡਿਟ ਕਵੀਨ ਵਿਚ ਨੰਗੀ ਔਰਤ ਦੇ ਜੋ ਸੀਨ ਹਨ, ਉਹ ਉਹਦੇ ਨਹੀਂ ਹਨ ਸਗੋਂ ਇਕ ਮਜਬੂਰ ਡੂਪਲੀਕੇਟ ਕੁੜੀ ਉਤੇ ਫਿਲਮਾਏ ਗਏ ਹਨ। ਉਹ ਡੁਪਲੀਕੇਟ ਗੁਜਰਾਤ ਦੀ ਇਕ ਕੁੜੀ ਸੀ। ਸ਼ੇਖਰ ਕਪੂਰ ਨੇ ਜਦੋਂ ਸੀਮਾ ਬਿਸਵਾਸ ਨੂੰ ਇਹ ਸੀਨ ਕਰਨ ਲਈ ਕਿਹਾ ਤਾਂ ਸੀਮਾ ਨੇ ਹਾਂ ਨਹੀਂ ਸੀ ਕੀਤੀ। ਸੀਮਾ ਬਿਸਵਾਸ ਦੇ ਦਿਲ 'ਤੇ ਭਾਰ ਹੈ ਕਿ ਇਸ ਦਲੇਰੀ ਅਤੇ ਬੇਬਾਕੀ ਲਈ ਉਹਨੂੰ ਐਵਾਰਡ ਦਿੱਤਾ ਜਾ ਰਿਹਾ ਹੈ ਅਸਲ ਵਿਚ ਉਹ ਦਲੇਰ ਅਤੇ ਬਹਾਦਰ ਔਰਤ ਉਹ ਨਹੀਂ ਸਗੋਂ ਗੁਜਰਾਤ ਦੀ ਗੁੰਮਨਾਮ ਕੁੜੀ ਹੈ ਜਿਸ ਨੂੰ ਆਪਣੇ ਭਰਾ ਦੀ ਇਕ ਭਿਆਨਕ ਬਿਮਾਰੀ ਦੇ ਇਲਾਜ ਲਈ ਪੈਸੇ ਦੀ ਲੋੜ ਸੀ। ਸੀਮਾ ਬਿਸਵਾਸ ਨੇ ਇਹ ਵੀ ਦੱਸਿਆ ਕਿ ਫੂਲਨ ਦੇਵੀ ਜੋ ਫਿਲਮ ਵਿਚ ਪੇਸ਼ ਕੀਤੀ ਗਈ ਹੈ ਉਹ ਸ਼ੇਖਰ ਕਪੂਰ ਦੀ ਕਲਪਨਾ ਦੀ ਫੂਲਨ ਦੇਵੀ ਹੈ, ਅਸਲੀ ਫੂਲਨ ਦੇਵੀ ਦਾ ਕਿਰਦਾਰ ਨਹੀਂ। ਸੀਮਾ ਬਿਸਵਾਸ ਨੂੰ ਫੂਲਨ ਦੇਵੀ ਨਾਲ ਮੁਲਾਕਾਤ ਦੀ ਵੀ ਇਜਾਜ਼ਤ ਨਹੀਂ ਸੀ। ਫੂਲਨ ਦੇਵੀ ਉਸ ਵੇਲੇ ਜੇਲ੍ਹ ਵਿਚ ਸੀ ਤੇ ਉਸ ਨੇ ਇਹ ਖਾਹਿਸ਼ ਵੀ ਜ਼ਾਹਿਰ ਕੀਤੀ ਸੀ ਕਿ ਉਹ ਸੀਮਾ ਬਿਸਵਾਸ ਨੂੰ ਮਿਲਣਾ ਚਾਹੁੰਦੀ ਹੈ ਪਰ ਡਾਇਰੈਕਟਰ ਨੇ ਇਹ ਮਨਾਹੀ ਕਰ ਦਿੱਤੀ ਸੀ। ਫੂਲਨ ਦੇਵੀ ਦੀ ਟਿੱਪਣੀ ਸੀ ''ਫਿਲਮ ਮੇਂ ਫੂਲਨ ਦੇਵੀ ਬਣ ਕੇ ਬੜੀ ਮਸਤੀ ਕਰ ਰਹੀ ਹੈ, ਮਗਰ ਵੋਹ ਮੁਝੇ ਮਿਲਨੇ ਸੇ ਕਿਉਂ ਡਰਤੀ ਹੈ? ਬੜੀ ਬਹਾਦੁਰ ਬਣੀ ਫਿਰਤੀ ਹੈ।

ਸੀਮਾ ਬਿਸਵਾਸ ਨੇ ਇਸ ਗੱਲਬਾਤ ਵਿਚ ਬੜੀ ਈਮਾਨਦਾਰੀ ਨਾਲ ਆਪਣੇ ਦਿਲ ਦੇ ਭਾਰ ਨੂੰ ਹਲਕਾ ਕੀਤਾ ਹੈ। ਸਿਨਮਾ ਇਤਿਹਾਸ ਵਿਚ ਬੈਂਡਿਟ ਕਵੀਨ ਦਾ ਜਦੋਂ ਵੀ ਜ਼ਿਕਰ ਆਏਗਾ, ਸੀਮਾ ਬਿਸਵਾਸ ਦੀ ਕਹੀ ਇਹ ਗੱਲ ਯਾਦ ਰਹੇਗੀ ਕਿ ਬਹਾਦੁਰ ਉਹ ਨਹੀਂ ਸੀ, ਸਗੋਂ ਗੁਜਰਾਤ ਦੀ ਉਹ ਇਕ ਮਜਬੂਰ ਕੁੜੀ ਸੀ, ਉਸ ਨੂੰ ਆਪਣੇ ਭਰਾ ਦੇ ਇਲਾਜ ਲਈ ਪੈਸੇ ਦੀ ਲੋੜ ਸੀ।

**ਪੰਜਾਬ ਦੇ ਮਹਾਨ ਕਲਾਕਾਰ :** ਬਲਵੰਤ ਗਾਰਗੀ ਦੀ ਇਹ ਕਿਤਾਬ ਉਚ ਕੋਟੀ ਦੀ ਲੇਖਣੀ ਦਾ ਪ੍ਰਮਾਣ ਹੈ। ਇਸ ਵਿਚ ਪੰਜਾਬ ਦੇ 11 ਮਹਾਨ ਕਲਾਕਾਰਾਂ ਦੇ ਰੇਖਾ ਚਿੱਤਰ ਹਨ। ਕਲਾਕਾਰ ਹਨ, ਅੰਮ੍ਰਿਤਾ ਸ਼ੇਰਗਿਲ, ਕੇ. ਐਲ. ਸਹਿਗਲ, ਬੜੇ ਗੁਲਾਮ ਅਲੀ ਖਾਂ, ਸੋਭਾ ਸਿੰਘ, ਪ੍ਰਿਥਵੀ ਰਾਜ ਕਪੂਰ, ਭਾਈ ਸਮੁੰਦ ਸਿੰਘ, ਸਤੀਸ਼ ਗੁਜਰਾਲ, ਗੁਰਚਰਨ ਸਿੰਘ, ਠਾਕੁਰ ਸਿੰਘ, ਬਲਰਾਜ ਸਾਹਨੀ ਤੇ ਸੁਰਿੰਦਰ ਕੌਰ। ਬਲਵੰਤ ਗਾਰਗੀ ਨੇ ਇਸ ਤੋਂ ਪਹਿਲਾਂ ਵੀ ਤਿੰਨ ਰੇਖਾ-ਚਿੱਤਰਾਂ ਦੀਆਂ ਕਿਤਾਬਾਂ 'ਨਿੰਮ ਦੇ ਪੱਤੇ', 'ਸੁਰਮੇਂ ਵਾਲੀ ਅੱਖ' ਤੇ 'ਹੁਸੀਨ ਚਿਹਰੇ' ਪੰਜਾਬੀ ਸਾਹਿਤ ਨੂੰ ਦਿੱਤੀਆਂ ਹਨ। ਉਹ ਬੜੀਆਂ ਹੀ ਦਿਲਚਸਪ ਕਿਤਾਬਾਂ ਹਨ, ਪਰ ਉਨ੍ਹਾਂ ਰੇਖਾ-ਚਿੱਤਰਾਂ ਵਿਚ ਗਾਰਗੀ ਨੇ ਕਿੱਧਰੇ ਨਾ ਕਿੱਧਰੇ ਸ਼ਰਾਰਤ ਦਾ ਅੰਸ਼ ਵੀ ਭਰਿਆ ਸੀ ਤੇ ਟਿੱਪਣੀਕਾਰਾਂ ਵਲੋਂ ਇਸ ਸ਼ਰਾਰਤ ਦਾ ਨੋਟਿਸ ਵੀ ਲਿਆ ਗਿਆ ਸੀ। ਪਰ ਇਸ ਕਿਤਾਬ ਵਿਚ ਸ਼ਾਮਲ ਰੇਖਾ-ਚਿੱਤਰ ਇਸ 'ਸ਼ਰਾਰਤ' ਤੋਂ ਮੁਕਤ ਹਨ। ਇਨ੍ਹਾਂ ਵਿਚ ਕਲਾਕਾਰਾਂ ਬਾਰੇ ਡੂੰਘੀ ਜਾਣਕਾਰੀ ਵੀ ਹੈ ਪਰ ਨਾਲ ਸੰਜਮ ਅਤੇ ਸੁਹਿਰਦਤਾ ਦੇ ਭਾਰੀ ਗੁਣ ਹਨ।

ਮਜੀਠੀਆਂ ਦੀ ਧੀ ਅੰਮ੍ਰਿਤਾ ਸ਼ੇਰਗਿਲ ਨੇ ਚਿੱਤਰ ਕਲਾ ਵਿਚ ਰੰਗਾਂ ਦੀ ਨਵੀਂ ਲੀਲ੍ਹਾ ਰਚੀ। ਉਸ ਨੇ ਬੰਗਾਲ ਦੀ ਨਿਘਰਦੀ ਚਿੱਤਰ ਸ਼ੈਲੀ ਨੂੰ ਰੱਦ ਕੀਤਾ। ਪੱਕੇ ਰਾਗ ਵਿਚ ਪਟਿਆਲਾ ਘਰਾਣੇ ਦੇ ਬੜੇ ਗੁਲਾਮ ਅਲੀ ਖਾਂ ਨੇ ਬੰਬਈ ਤੇ ਕਲਕੱਤੇ ਵਿਚ ਆਪਣਾ ਸਿੱਕਾ ਮੰਨਵਾਇਆ। ਥੀਏਟਰ ਵਿਚ ਪ੍ਰਿਥਵੀ ਰਾਜ ਕਪੂਰ ਨੇ ਭਾਰਤੀ ਨਾਟ ਕਲਾ ਵਿਚ ਸੱਜਰੇ ਸਾਹ ਸਿਰਜੇ। ਜਲੰਧਰ ਦੇ ਜੰਮਪਲ ਕੇ. ਐਲ. ਸਹਿਗਲ ਦੀ ਸੁਨਹਿਰੀ ਆਵਾਜ਼ ਵਾਲੇ ਗੀਤ ਸਾਰੇ ਹਿੰਦੁਸਤਾਨ ਵਿਚ ਗੂੰਜੇ। ਭਾਈ ਸਮੁੰਦ ਸਿੰਘ ਰਾਗੀ ਨੇ ਸਾਰੇ ਦੇਸ਼ ਵਿਚ ਗੁਰਬਾਣੀ ਦਾ ਸ਼ੁੱਧ ਰਾਗਾਂ ਵਿਚ ਕੀਰਤਨ ਕੀਤਾ। ਸੋਭਾ ਸਿੰਘ ਨੇ ਗੁਰੂ ਸਾਹਿਬਾਨ ਦੇ ਨੂਰਾਨੀ ਚਿੱਤਰਾਂ ਰਾਹੀਂ ਅਤੇ ਸੋਹਣੀ ਦੇ ਚਿੱਤਰ ਰਾਹੀਂ ਕਲਾ ਨੂੰ ਚਾਰ ਚੰਨ ਲਾਏ। ਬੀਬੀ ਸੁਰਿੰਦਰ ਕੌਰ ਨੇ ਪੰਜਾਬੀਆਂ ਦੀਆਂ ਸਧਰਾਂ, ਪਿਆਰ ਤੇ ਤੜਪਾਂ ਨੂੰ ਗੀਤ ਦੇ ਬੋਲ ਦਿੱਤੇ। ਬਲਰਾਜ ਸਾਹਨੀ ਨੇ ਫਿਲਮੀ ਦੁਨੀਆਂ ਵਿਚ ਜਗਤ ਪ੍ਰਸਿੱਧੀ ਹਾਸਲ ਕੀਤੀ। ਸਤੀਸ਼ ਗੁਜਰਾਲ, ਠਾਕੁਰ ਸਿੰਘ ਨੇ ਪੇਂਟਿੰਗ ਦੇ ਖੇਤਰ ਵਿਚ ਗੁਰਚਰਨ ਸਿੰਘ ਨੇ ਮਿੱਟੀ ਦੇ ਭਾਂਡੇ ਬਣਾ ਕੇ ਕਲਾ ਦੀਆਂ ਸਿਖਰਾਂ ਛੂਹੀਆਂ। ਗਾਰਗੀ ਦੀ ਇਸ ਕਿਤਾਬ ਦੀ ਭੂਮਿਕਾ ਵਿਚ ਵੱਡਾ ਸੱਚ ਕਿਹਾ ਹੈ ਕਿ ਇਨ੍ਹਾਂ ਮਹਾਨ ਕਲਾਕਾਰਾਂ ਦੀਆਂ ਕ੍ਰਿਤਾਂ ਤੇ ਸ਼ੈਲੀਆਂ ਨੂੰ ਜਾਣੇ ਬਗੈਰ ਅਸੀਂ ਪੰਜਾਬ ਦੇ ਸਭਿਆਚਾਰ ਨੂੰ ਨਹੀਂ ਜਾਣ ਸਕਦੇ।

ਇਹ ਬੜੀ ਹੀ ਮਹੱਤਵਪੂਰਨ ਕਿਤਾਬ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੀ ਦੇਣ ਹੈ। ਇਹਦੇ ਲਈ ਯੂਨੀਵਰਸਿਟੀ ਅਤੇ ਗਾਰਗੀ ਦੋਨੋਂ ਵਧਾਈ ਦੇ ਹੱਕਦਾਰ ਹਨ। ਇਹੋ ਜਿਹੀਆਂ ਕਿਤਾਬਾਂ ਹੀ ਪੰਜਾਬੀ ਸਾਹਿਤ ਦੇ ਖਜ਼ਾਨੇ ਨੂੰ ਅਮੀਰ ਕਰਦੀਆਂ ਹਨ।

16-6-1996